# ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162, +1 (431) 458-6922
ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ   ਸਹਿ ਸੰਪਾਦਕ: ਨਵਜੋਤ ਬਿਲਿੰਗ   ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ   ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times    01 ਫਰਵਰੀ 2026 ਦਿਨ ਐਤਵਾਰ    ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਭਾਰਤ ਦਾ ਸੰਯੁਕਤ ਬਜਟ 2026-27 (Union Budget 2026) ਪੇਸ਼ ਕੀਤਾ

ਵਰਲਡ ਪੰਜਾਬੀ ਟਾਈਮਜ਼

ਦਿੱਲੀ 1 ਫਰਵਰੀ : ਭਾਰਤ ਦਾ ਸੰਯੁਕਤ ਬਜਟ 2026-27 (Union Budget 2026) ਅੱਜ ਸੰਸਦ ਵਿਚ ਵਿਕਾਸ ਮੰਤਰੀ ਨਿਰਮਲਾ ਸੀਤਾਰਮਣ ਨੇ 1 ਫਰਵਰੀ 2026 ਨੂੰ ਪੇਸ਼ ਕੀਤਾ।



ਬਜਟ ਦਾ ਮੁੱਖ ਲੁਕਾਇਤ ਮੁੱਦੇ (Key Focus Areas)

ਆਮ ਲੋਕਾਂ ਤੇ ਕਰ (Income Tax) ਲਾਭ
- ਨਵੀਂ ਕਰ (New Tax Regime) ਵਿਚ ₹12 ਲੱਖ ਤੱਕ ਦੀ ਆਮਦਨੀ 'ਤੇ ਕੋਈ ਪ੍ਰਤੱਖ ਆਮਦਨੀ ਕਰ ਨਹੀਂ (zero tax) ਮਿਲਦੀ ਰਹੇਗੀ—ਇਹ ਸਰਲਤਾ ਅਤੇ ਖਪਤ ਵਾਧੇ ਲਈ ਹੈ।

ਕਰ ਰੈਗੂਲੇਸ਼ਨ ਅਤੇ ਸੁਧਾਰ
- Income-Tax Bill 2025 ਲਿਆਂਦਾ ਗਿਆ ਹੈ ਜਿਹੜਾ ਕਾਰੋਬਾਰ ਅਤੇ ਵੈਧੇਕ ਸਿਸਟਮ ਨੂੰ ਸਧਾਰਨ ਅਤੇ ਸਪਸ਼ਟ ਬਣਾਉਂਦਾ ਹੈ। §§ Sections ਘਟਾ ਕੇ ਕੋਡ ਨੂੰ ਆਸਾਨ ਕੀਤਾ ਗਿਆ ਹੈ।

MSMEs ਅਤੇ ਉਦਯੋਗ ਸਮਰਥਨ
- MSME ਲਈ ਕ੍ਰੈਡਿਟ ਕਾਰਡ ਦੇ ਲੀਮੀਟ ਵਧਾਈ ਗਈ ਤਾਕਿ ਛੋਟੇ ਉਦਯੋਗ ਵਾਧੇ ਪ੍ਰਾਪਤ ਸਕਣ।
- ਨਵੇਂ ਉਦਯੋਗਪਤੀਆਂ (ਉਦਾਹਰਣ: SC/ST, ਮਹਿਲਾਵਾਂ) ਲਈ ਵਿਲੱਖਣ ਲੋਨ ਯੋਜਨਾ।

ਬੇਰੋਜ਼ਗਾਰੀ ਅਤੇ ਸਿਖਲਾਈ
- ਨੌਕਰੀਆਂ ਬਣਾਉਣ ਲਈ ਹਨਰ ਵਿਕਾਸ ਅਤੇ ਸਕਿਲਿੰਗ 'ਤੇ ਧਿਆਨ।
- AI ਅਤੇ ਪ੍ਰੌਧੋਗਿਕੀ ਦੇ ਖੇਤਰ ਵਿਚ ਨਵੇਂ ਕੇਂਦਰ ਸਥਾਪਿਤ।

2. ਮੁੱਖ ਵਿੱਤੀ ਅਤੇ ਆਰਥਿਕ ਗਿਣਤੀਆਂ
- ਸਰਕਾਰ ਨੇ ਵਿੱਤ ਸਾਲ 2026-27 ਲਈ ਮੁੱਢਲਾ ਖ਼ਰਚ ਅਤੇ ਲਕੜੀ ਨੀਤੀ ਜਾਣਕਾਰੀ ਦਿੱਤੀ — ਵਧਦੇ ਖਰਚੇ ਅਤੇ ਆਮਦਨੀ ਦਰਮਿਆਨ ਸੰਤੁਲਨ (fiscal consolidation)।
- ਰਾਜਕ ਅਖੰਡ ਘਾਟਾ (Fiscal Deficit) ਦਾ ਟੀਚਾ ~ 4.2% GDP ਰਖਾ ਗਿਆ ਹੈ।
- ਸਰਕਾਰੀ ਕਰਜ਼ਾ ਘਾਟਾ ਘਟਾਉਣ ਅਤੇ ਹੁੰਗਾਰੇ ਦਾ ਨਿਸ਼ਾਨਾ ਲੰਬੇ ਸਮੇਂ ਰੱਖਿਆ ਗਿਆ ਹੈ।

3. ਖੇਤੀਬਾੜੀ ਅਤੇ ਗ੍ਰਾਮੀਣ ਵਿਕਾਸ
- Prime Minister Dhan-Dhaanya Krishi Yojana ਤੋਂ 100 ਖੇਤਰਾਂ ਵਿਚ ਕਿਸਾਨਾਂ ਲਈ ਉਤਪਾਦਕਤਾ vadhaundi ਰਣਨੀਤੀ।
- Kisan Credit Card 'ਤੇ ਕਰਜ਼ੇ ਦੀ ਸੀਮਾ ਵਧਾ ਕੇ ₹5 ਲੱਖ ਤੱਕ।
- ਪਲਸ ਅਤੇ ਤੁਲ, ਉੜਦ, ਮਸੂਰ ਲਈ ਵਿਸ਼ੇਸ਼ ਅਭਿਆਨ।

4. ਢਾਂਚਾ (Infrastructure) ਅਤੇ ਸ਼ਹਿਰੀ ਵਿਕਾਸ
- Urban Challenge Fund: ਸ਼ਹਿਰੀ ਵਿਕਾਸ ਅਤੇ ਬੁਨਿਆਦੀ ਢਾਂਚੇ ਲਈ ₹1 ਲੱਖ ਕਰੋੜ ਰਕਮ ਦਾ nivesੇਸ਼।
- Broadband ਅਤੇ ਸਿਹਤ ਕੇਂਦਰ – ਸਰਕਾਰੀ ਸਕੂਲਾਂ ਅਤੇ ਸਿਹਤ ਕੇਂਦਰਾਂ ਨੂੰ ਉੱਚ-ਗਤੀ ਇੰਟਰਨੈੱਟ ਸੇਵਾਵਾਂ।

5. ਤਕਨੀਕੀ ਅਤੇ ਨਵੀਨਤਾ
- ਚੁਣੌਤੀ ਰਾਸ਼ਟਰੀ ਉਤਪਾਦਨ (self-reliance) ਲਈ ਨਵੇਂ ਉਪਰਾਲੇ।
- ਭਾਰਤ ਨੂੰ AI ਅਤੇ ਡਿਜ਼ੀਟਲ ਸਕਿਲਿੰਗ ਦੇ ਕੇਂਦਰਾਂ ਵਿਚ ਮੁੱਖ ਅਦਾਕਾਰ ਬਨਾਉਣ ਲਈ ਯੋਜਨਾਵਾਂ।

## ਇੱਕ ਹੰਝੂ ਤੋਂ ਭਾਰਾ ਕੁਝ ਨਹੀਂ ਹੁੰਦਾ...

### ਭਾਸ਼ਾ ਵਿਭਾਗ ਪੰਜਾਬ ਵੱਲੋਂ ਤ੍ਰੈ-ਭਾਸ਼ੀ ਕਵੀ ਦਰਬਾਰ ਦਾ ਆਯੋਜਨ

### ਪੰਜਾਬੀ, ਹਿੰਦੀ ਤੇ ਉਰਦੂ ਦੇ ਕਵੀਆਂ ਨੇ ਲਗਾਈ ਕਾਵਿ ਛਹਿਬਰ

ਵਰਲਡ ਪੰਜਾਬੀ ਟਾਈਮਜ਼

ਭਾਸ਼ਾ ਵਿਭਾਗ ਪੰਜਾਬ ਵੱਲੋਂ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਦੀ ਅਗਵਾਈ ਵਿੱਚ ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਕਾਸ ਵਿਭਾਗ ਦੇ ਸਹਿਯੋਗ ਨਾਲ ਯੂਨੀਵਰਸਿਟੀ ਦੇ ਕਲਾ ਭਵਨ ਵਿਖੇ ਤ੍ਰੈ-ਭਾਸ਼ੀ ਕਵੀ ਦਰਬਾਰ ਕਰਵਾਇਆ ਗਿਆ। ਜਿਸ ਵਿੱਚ ਪੰਜਾਬੀ, ਹਿੰਦੀ ਤੇ ਉਰਦੂ ਦੇ ਨਾਮਵਰ ਸ਼ਾਇਰਾਂ ਨੇ ਕਾਵਿ ਛਹਿਬਰ ਲਗਾਈ। ਸਵਾਗਤੀ ਭਾਸ਼ਣ 'ਚ ਸ. ਜਸਵੰਤ ਸਿੰਘ ਜ਼ਫ਼ਰ ਨੇ ਕਿਹਾ ਕਿ ਜਿੰਨਾ ਸਮਾਂ ਇਸ ਧਰਤੀ 'ਤੇ ਕਵਿਤਾ ਰਚੀ ਜਾਵੇਗੀ ਉਨ੍ਹਾਂ ਚਿਰ ਪੰਜਾਬੀ ਭਾਸ਼ਾ ਜਿਉਂਦੀ ਰਹੇਗੀ। ਮੁਸ਼ਾਇਰੇ ਦੀ ਸਫ਼ਲਤਾ ਲਈ ਜਿੱਥੇ ਉੱਚ ਪੱਧਰੀ ਕਵਿਤਾ ਅਹਿਮੀਅਤ ਰੱਖਦੀ ਹੈ ਉੱਥੇ ਸਰੋਤਿਆਂ ਦੀ ਸੰਜੀਦਗੀ ਵੀ ਓਨੀ ਹੀ ਜ਼ਰੂਰੀ ਹੈ। ਉਨ੍ਹਾਂ ਆਪਣੀਆਂ ਤਿੰਨ ਕਵਿਤਾਵਾਂ 'ਦੂਜਾ ਪਾਸਾ' ਰਾਹੀਂ ਦੂਸਰਿਆਂ ਨੂੰ ਸਮਝਣ, 'ਖ਼ੂਨ ਪਸੀਨਾ ਤੇ ਸਿਆਹੀ' ਜ਼ਰੀਏ ਮਿਹਨਤ ਦੀ ਕਮਾਈ ਦੀ ਅਹਿਮੀਅਤ ਤੇ 'ਰੋਣਾ ਨਹੀਂ' ਰਾਹੀਂ ਪਿਉਂ-ਧੀ ਦੇ ਰਿਸ਼ਤੇ ਦਾ ਖ਼ੂਬਸੂਰਤ ਵਿਖਿਆਨ ਕਰਕੇ ਮੁਸ਼ਾਇਰੇ ਨੂੰ ਸੰਜੀਦਗੀ ਪ੍ਰਦਾਨ ਕੀਤੀ। ਪੰਜਾਬੀ ਵਿਕਾਸ ਵਿਭਾਗ ਦੇ ਮੁਖੀ ਡਾ. ਗੁਰਸੇਵਕ ਲੰਬੀ ਨੇ ਸਭ ਦਾ ਧੰਨਵਾਦ ਕੀਤਾ ਅਤੇ ਤੁਰੰਨਮ 'ਚ ਪੇਸ਼ ਕੀਤੀ ਨਜ਼ਮ 'ਸੁਫ਼ਨਾ' ਤੇ ਸਾਹਿਤਕ ਗੀਤ 'ਦਿਲ ਨੂੰ ਤੂੰ ਦਿਲ ਰੱਖੀਂ' ਰਾਹੀਂ ਸਭ ਦਾ ਮਨ ਮੋਹ ਲਿਆ। ਸ਼ਾਇਰ ਹਰਮੀਤ ਵਿਦਿਆਰਥੀ ਨੇ ਆਪਣੇ




ਸ਼ਾਇਰਾਨਾ ਤੇ ਮਜ਼ਾਕੀਆ ਅੰਦਾਜ਼ ਰਾਹੀਂ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਨੂੰ ਬਾਖ਼ੂਬੀ ਅੰਜਾਮ ਦਿੱਤਾ।
ਉਰਦੂ ਦੇ ਸ਼ਾਇਰ ਮੁਸੱਵਰ ਫ਼ਿਰੋਜ਼ਪੁਰੀ ਨੇ 'ਖੁਦਾ ਦੀ ਇਬਾਦਤ ਕਰਦਿਆਂ 'ਜਾਨੇ ਕਿਆ ਸੁਣਤੇ ਹੋ ਆਪ ਸੰਜੀਦਗੀ ਕੇ ਸਾਥ, ਪੱਥਰ ਕੋ ਖੁਦਾ ਬਣਾ ਦਿਆ ਬੰਦਗੀ ਕੇ ਸਾਥ' ਸਮੇਤ ਤਿੰਨ ਗਜ਼ਲਾਂ ਰਾਹੀਂ ਮੁਸ਼ਾਇਰੇ ਨੂੰ ਸ਼ਾਨਦਾਰ ਸ਼ੁਰਆਤ ਦਿੱਤੀ। ਜਸਪ੍ਰੀਤ ਫਲਕ ਨੇ ਆਪਣੀਆਂ ਗਜ਼ਲਾਂ 'ਜ਼ਿੰਦਗੀ ਮੁਸਕਰਾ ਰਹੀ ਹੈ..,' ਤੇ 'ਮੈਂ ਵੀ ਧੋਖਾ ਕਰ ਸਕਦੀ ਸੀ' ਰਾਹੀਂ ਮੁਹੱਬਤ ਤੇ ਵਫ਼ਾਦਾਰੀ ਦਾ ਇਜ਼ਹਾਰ ਕੀਤਾ। ਜੋਗਿੰਦਰ ਨੂਰ ਮੀਤ ਨੇ ਆਪਣੀਆਂ ਨਜ਼ਮਾਂ 'ਕਮਾਲ ਹੋਵੇ', 'ਇੱਕ ਹੰਝੂ ਤੋਂ ਭਾਰਾ ਕੁਝ ਨਹੀਂ ਹੁੰਦਾ' ਰਾਹੀਂ ਸਰੋਤਿਆਂ ਨੂੰ ਸੁਪਨਿਆਂ ਦੇ ਸੰਸਾਰ ਵਿੱਚ ਪਹੁੰਚਾ ਦਿੱਤਾ। ਜਗਜੀਤ ਕਾਫ਼ਰ ਨੇ ਆਪਣੀਆਂ ਰਚਨਾਵਾਂ ਰਾਹੀਂ ਧੀਆਂ ਪ੍ਰਤੀ ਸਨੇਹ ਤੇ ਪਾਕ ਮੁਹੱਬਤ ਦੀ ਗੱਲ ਕੀਤੀ। ਜਤਿੰਦਰ ਪਰਵਾਜ਼ ਨੇ ਸਰੋਤਿਆਂ ਦੀ ਨਬਜ਼ ਨੂੰ ਫੜਦਿਆਂ ਨੌਜਵਾਨ ਪੀੜ੍ਹੀ ਦੇ ਮਨਭਾਉਂਦੇ ਸ਼ੇਅਰਾਂ ਰਾਹੀਂ ਵਾਹ-ਵਾਹ ਖੱਟੀ। ਰਮਨ ਸੰਧੂ ਨੇ ਆਪਣੇ ਕਟਾਕਸ਼ ਭਰੇ ਸ਼ੇਅਰਾਂ ਰਾਹੀਂ ਰੰਗ ਬੰਨ੍ਹਿਆ। ਉਰਦੂ ਦੇ ਸ਼ਾਇਰ ਪਰਵਿੰਦਰ ਸ਼ੋਖ ਨੇ ਆਪਣੀਆਂ ਛੋਟੀਆਂ-ਛੋਟੀਆਂ ਨਜ਼ਮਾਂ ਰਾਹੀਂ ਵੱਡੇ ਵਿਅੰਗ ਕਸੇ। ਸ਼ਾਇਰਾ ਦੀਪ ਇੰਦਰ ਨੇ ਆਪਣੀਆਂ ਰਚਨਾਵਾਂ 'ਝਰੀਟ', 'ਮੁਰਗੀ', 'ਕੁੱਤੀ ਤੀਵੀਂ' ਤੇ 'ਡਰ' ਰਾਹੀਂ ਔਰਤਾਂ ਨਾਲ ਹੁੰਦੇ ਵਿਤਕਰੇ ਤੇ ਧੱਕੇਸ਼ਾਹੀਆਂ 'ਤੇ ਗੰਭੀਰ ਵਿਅੰਗ ਕਸੇ। ਪ੍ਰੋ. ਰੂਬੀਨਾ ਸ਼ਬਨਮ ਨੇ ਆਪਣੀਆਂ ਨਜ਼ਮਾਂ ਰਾਹੀਂ ਮਾਂ ਬੋਲੀ ਪ੍ਰਤੀ ਲਗਾਓ ਅਤੇ ਔਰਤਾਂ ਦੇ ਇੱਕ ਜੂਨ 'ਚ ਕਈ ਕਈ ਜੂਨਾਂ ਹੰਢਾਅ ਲੈਣ ਵਾਲੀ ਤਸਵੀਰ ਪੇਸ਼ ਕੀਤੀ। ਉਰਦੂ ਦੇ ਸ਼ਾਇਰ ਅਮਰਜੀਤ ਸ਼ੈਦਾ ਨੇ 'ਸਰ ਦੀ ਦਸਤਾਰ ਕੇ ਤੁਰਰੇ ਕੀ ਖੁਦਾਰੀ ਦੇਖ, ਨਸਲ ਦਰ ਨਸਲ ਕੱਫਣ ਸਿਰ ਪੇ ਥਾ ਮੌਤ ਸੇ ਕੈਸੇ ਨਿਭਾਈ ਯਾਰੀ ਦੇਖ' ਵਰਗੇ ਸ਼ੇਅਰਾਂ ਨਾਲ ਮੁਸ਼ਾਇਰੇ ਨੂੰ ਸਿਖਰ 'ਤੇ ਪਹੁੰਚਾ ਦਿੱਤਾ। ਅਮਰਦੀਪ ਅਮਰ ਨੇ ਆਪਣੀ ਗਜ਼ਲਾਂ ਰਾਹੀਂ ਖ਼ੂਬਸੂਰਤੀ ਅਤੇ ਵਫ਼ਾਦਾਰੀ ਦੀ ਬਾਤ ਪਾਈ। ਗੁਰਤੇਜ ਕੋਹਰਾਵਾਲਾ ਨੇ ਆਪਣੀਆਂ ਗਜ਼ਲਾਂ ਰਾਹੀਂ ਅਜੋਕੇ ਸਮਾਜਿਕ ਤਾਣੇ-ਬਾਣੇ 'ਤੇ ਵਿਅੰਗ ਕਸੇ। ਇਸ ਮੌਕੇ ਭਾਸ਼ਾ ਵਿਭਾਗ ਦੇ ਸਹਾਇਕ ਨਿਰਦੇਸ਼ਕ ਅਮਰਿੰਦਰ ਸਿੰਘ, ਡਾ. ਸੁਰਜੀਤ ਸਿੰਘ, ਡਾ. ਬਲਦੇਵ ਧਾਲੀਵਾਲ, ਖੋਜ ਅਫ਼ਸਰ ਡਾ. ਸੁਖਦਰਸ਼ਨ ਸਿੰਘ ਚਹਿਲ, ਖੋਜ ਸਹਾਇਕ ਹਰਪ੍ਰੀਤ ਸਿੰਘ ਤੇ ਵੱਡੀ ਗਿਣਤੀ ਵਿੱਚ ਸਰੋਤੇ ਹਾਜ਼ਰ ਸਨ।

## ਨਰੇਗਾ ਰੁਜ਼ਗਾਰ ਪ੍ਰਾਪਤ ਯੂਨੀਅਨ (ਰਜਿ) ਫ਼ਰੀਦਕੋਟ ਨੇ ਬੁਲਾਈ ਵੱਖ ਵੱਖ ਪਿੰਡਾਂ ਦੇ ਮੇਟਾਂ ਦੀ ਮੀਟਿੰਗ ।

ਵਰਲਡ ਪੰਜਾਬੀ ਟਾਈਮਜ਼ ਸ਼ਿਵਨਾਥ

ਫ਼ਰੀਦਕੋਟ 1 ਫਰਵਰੀ : ਅੱਜ ਨਰੇਗਾ ਰੁਜ਼ਗਾਰ ਪ੍ਰਾਪਤ ਯੂਨੀਅਨ (ਰਜਿ) ਫ਼ਰੀਦਕੋਟ ਨੇ ਬੁਲਾਈ ਵੱਖ ਵੱਖ ਪਿੰਡਾ ਦੇ ਨਰੇਗਾ ਦੇ ਮੇਟਾਂ ਦੀ ਮੀਟਿੰਗ ਬੁਲਾਈ ਗਈ। ਇਹ ਮੀਟਿੰਗ ਸ਼ਹੀਦ ਕਾਮਰੇਡ ਅਮੋਲਕ ਭਵਨ ਫ਼ਰੀਦਕੋਟ ਵਿਖੇ , ਨਰੇਗਾ ਦੇ ਮੁੱਖ ਸਲਾਹਕਾਰ ਸ੍ਰ ਬਲਕਾਰ ਸਿੰਘ ਸਹੋਤਾਜੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਕਮਿਊਨਿਸਟ ਪਾਰਟੀ ਦੇ ਕਾਮਰੇਡ ਗੁਰਚਰਨ ਸਿੰਘ ਮਾਨ , ਕੁਲ ਹਿੰਦ ਕਿਸਾਨ ਯੂਨੀਅਨ ਦੇ ਜਿਲਾ ਪ੍ਰਧਾਨ ਸੁਖਜਿੰਦਰ ਸਿੰਘ ਤੂੰਬੜਭੰਨ ਤੇ ਇਸਤਰੀ ਸਭਾ ਦੇ ਜਿਲਾ ਪ੍ਰਧਾਨ



ਆਸਾ ਚੌਧਰੀ ਜੀ ਵਿਸੇਸ ਤੌਰ ਤੇ ਪਹੁੰਚੇ ਅਤੇ ਓਨਾਂ ਨੇ ਕਿਹਾ ਅਸੀ ਨਰੇਗਾ ਕਾਮਿਆਂ ਦੇ ਹੱਕ ਵਿੱਚ 'ਚ ਦਿਨ ਰਾਤ ਡੱਟ ਕੇ ਖੜੇ ਹਾਂ । ਓਨਾਂ ਕਿਹਾ ਕਿ ਕੇਦਰ ਸਰਕਾਰ ਤੇ ਪੰਜਾਬ ਸਰਕਾਰ ਨੂੰ ਨਰੇਗਾ ਕਾਮਿਆਂ ਨੂੰ ਪਿੰਡਾਂ ਵਿਚ ਵੱਧ ਤੋ ਵੱਧ ਕੰਮ ਦੇਣਾ ਚਾਹੀਦਾ ਹੈ ਤਾਂ ਕਿ ਓਨਾ ਦੀ ਜਿੰਦਗੀ ਦਾ ਗੁਜਾਰਾ ਠੀਕ ਢੰਗ ਨਾਲ ਚੱਲੇ। ਇਸ ਸਮੇ ਨਰੇਗਾ ਮੇਟਾਂ ਦੀਆ ਮੁਸ਼ਕਿਲਾਂ ਸੁਣੀਆ ਗਈਆਂ ਅਤੇ ਜਿਨਾਂ ਪਿੰਡਾਂ ਕੰਮ ਨਹੀ ਚੱਲ ਰਹੇ ਕੰਮ ਲਈ ਜਿਲਾਂ ਪ੍ਰੀਸ਼ਦ ਪ੍ਰਸਾਸ਼ਨ ਨਾਲ ਗੱਲਬਾਤ ਕਰ ਕੰਮ ਚਲਾਉਣ ਦਾ ਭਰੋਸਾ ਦਿਵਾਇਆ। ਓਨਾਂ ਨੇ ਕਿਹਾ ਜੋ ਦੇਸ ਵਿਆਪੀ ਹੜਤਾਲ 12 ਫਰਵਰੀ ਨੂੰ ਹੋ ਰਹੀ ਉਸ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ । ਇਸ ਸਮੇ ਨਰੇਗਾ ਦੇ ਜਿਲਾ ਪ੍ਰਧਾਨ ਕਾਮਰੇਡ ਵੀਰ ਸਿੰਘ ਕੰਮੇਆਣਾ ਜੀ ਨੇ ਸਭ ਨੂੰ ਭਰੋਸਾ ਦਿਵਾਇਆ, ਓਹ ਓਨਾਂ ਦੀਆ ਮੰਗਾਂ ਦਾ ਹੱਲ ਜਲਦ ਕਰਵਾਉਣਗੇ ਓਨਾ ਸਭ ਦਾ ਧੰਨਵਾਦ ਕੀਤਾ।

ਇਸ ਸਮੇ ਮੇਟ ਲਵਪ੍ਰੀਤ ਕੌਰ ਪਿਪਲੀ, ਕੰਵਲਦੀਪ ਕੌਰ ਗੋਲੇਵਾਲਾ , ਕਰਮਜੀਤ ਕੌਰ ਗੋਲੇਵਾਲਾ, ਹਰਪ੍ਰੀਤ ਕੌਰ ਚਹਿਲ,ਸਿਮਰਨ ਕੌਰ ਰੁਪਈਆ ਵਾਲਾ, ਸੁਨੀਤਾ ਰਾਣੀ ਮਿੱਡੂ ਮਾਨ, ਕੁਲਦੀਪ ਕੌਰ ਕੋਟ ਸੁਖੀਆ, ਸੁਖਮੰਦਰ ਸਿੰਘ ਢੁੱਡੀ, ਗੁਰਦੀਪ ਸਿੰਘ ਕੰਮੇਅਆਣਾ ,ਗੁਰਵਿੰਦਰ ਸਿੰਘ ਮਚਾਕੀ ਕਲਾਂ, ਗੌਰਵ ਸਿੰਘ ਸਾਦਿਕ, ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

## ਚਨਾਬ ਗਰੁੱਪ ਆਫ ਐਜੂਕੇਸ਼ਨ ਦੇ ਵਿਹੜੇ ਵਿੱਚ 'ਪੰਮਾ ਸ਼ਾਇਰ' ਦੇ ਗੀਤ ਦਾ ਪੋਸਟਰ ਰਿਲੀਜ਼

### *ਬਜ਼ੁਰਗਾਂ ਦੀ ਸਿਹਤ ਅਤੇ ਹੱਕਾਂ ਲਈ ਵੱਡਾ ਉਪਰਾਲਾ*

### *ਬਲਵੰਤ ਗਾਰਗੀ ਐਡੀਟੋਰੀਅਮ ਵਿੱਚ ਲੱਗੇਗਾ ਵਿਸ਼ੇਸ਼ ਕੈਂਪ*

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ

ਬਠਿੰਡਾ, 1 ਫਰਵਰੀ : ਪੰਜਾਬ ਸਰਕਾਰ ਦੀਆਂ ਹਦਾਇਤਾਂ, ਡਾਇਰੈਕਟਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਤੇ ਡਿਪਟੀ ਕਮਿਸ਼ਨਰ ਸ਼੍ਰੀ ਰਾਜੇਸ਼ ਧੀਮਾਨ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਰਵਾਏ ਜਾਣ ਵਾਲੇ ਪ੍ਰੋਗਰਾਮ "ਸਾਡੇ ਬਜ਼ੁਰਗ ਸਾਡਾ ਮਾਣ" ਸਬੰਧੀ ਜਿਲਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿਖੇ ਮੀਟਿੰਗ ਕੀਤੀ ਗਈ। ਜਿਸ ਦੀ ਪ੍ਰਧਾਨਗੀ ਵਧੀਕ ਡਿਪਟੀ ਕਮਿਸ਼ਨਰ ਜਨਰਲ ਮੈਡਮ ਪੂਨਮ ਸਿੰਘ ਨੇ ਕੀਤੀ।



ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 3 ਫਰਵਰੀ 2026, ਦਿਨ ਮੰਗਲਵਾਰ ਨੂੰ ਸਵੇਰੇ 9:30 ਵਜੇ ਸਥਾਨਕ ਬਲਵੰਤ ਗਾਰਗੀ ਐਡੀਟੋਰੀਅਮ ਹਾਲ, ਨੇੜੇ ਰੋਜ਼ ਗਾਰਡਨ ਵਿਖੇ "ਸਾਡੇ ਬਜ਼ੁਰਗ ਸਾਡਾ ਮਾਣ" ਤਹਿਤ ਕੈਂਪ ਲਗਾਇਆ ਜਾਵੇਗਾ।

ਉਹਨਾਂ ਅੱਗੇ ਦੱਸਿਆ ਕਿ ਇਸ ਕੈਂਪ ਦੌਰਾਨ ਬਜ਼ੁਰਗ ਨਾਗਰਿਕਾਂ ਦੀ ਭਲਾਈ ਲਈ ਇੱਕ ਵਿਸ਼ੇਸ਼ ਮੁਫ਼ਤ ਮੈਡੀਕਲ ਸਿਹਤ ਚੈੱਕਅੱਪ ਅਤੇ ਕਾਨੂੰਨੀ ਸੇਵਾਵਾਂ ਸਬੰਧੀ ਜਾਗਰੂਕ ਕੀਤਾ ਜਾਵੇਗਾ।ਉਹਨਾਂ ਕਿਹਾ ਕਿ ਇਸ ਕੈਂਪ ਦਾ ਮੁੱਖ ਉਦੇਸ਼ ਬਜ਼ੁਰਗਾਂ ਨੂੰ ਸਿਹਤ ਅਤੇ ਕਾਨੂੰਨੀ ਸਹਾਇਤਾ ਸਬੰਧੀ ਇੱਕ ਹੀ ਥਾਂ ਤੇ ਮੁਫ਼ਤ ਸੁਵਿਧਾਵਾਂ ਪ੍ਰਦਾਨ ਕਰਨਾ ਹੈ।

ਵਧੀਕ ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਕੈਂਪ ਦੌਰਾਨ ਬਜ਼ੁਰਗ ਨਾਗਰਿਕਾਂ ਦੀਆਂ ਵੱਖ-ਵੱਖ ਬਿਮਾਰੀਆਂ ਸਬੰਧੀ ਵਿਸਥਾਰਪੂਰਵਕ ਮੈਡੀਕਲ ਜਾਂਚ ਕੀਤੀ ਜਾਵੇਗੀ ਅਤੇ ਲੋੜ ਅਨੁਸਾਰ ਮੁਫ਼ਤ ਦਵਾਈਆਂ ਵੀ ਦਿੱਤੀਆਂ ਜਾਣਗੀਆਂ। ਇਸਦੇ ਨਾਲ-ਨਾਲ ਬਜ਼ੁਰਗਾਂ ਨੂੰ ਉਨ੍ਹਾਂ ਦੇ ਹੱਕਾਂ ਅਤੇ ਕਾਨੂੰਨੀ ਮਸਲਿਆਂ ਬਾਰੇ ਜਾਣਕਾਰੀ ਦੇਣ ਲਈ ਮੁਫ਼ਤ ਕਾਨੂੰਨੀ ਸਹਾਇਤਾ ਵੀ ਉਪਲਬਧ ਕਰਵਾਈ ਜਾਵੇਗੀ।

ਵਧੀਕ ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹੇ ਭਰ ਦੇ ਬਜ਼ੁਰਗ ਨਾਗਰਿਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਇਸ ਕੈਂਪ ਵਿੱਚ ਆਪਣੀ ਹਾਜ਼ਰੀ ਯਕੀਨੀ ਬਣਾਕੇ ਦਿੱਤੀਆਂ ਜਾ ਰਹੀਆਂ ਸੇਵਾਵਾਂ ਦਾ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨ। ਇਹ ਕਦਮ ਬਜ਼ੁਰਗਾਂ ਦੀ ਸਿਹਤ, ਸੁਰੱਖਿਆ ਅਤੇ ਸਮਾਜਿਕ ਸਨਮਾਨ ਨੂੰ ਮਜ਼ਬੂਤ ਕਰਨ ਵੱਲ ਇੱਕ ਮਹੱਤਵਪੂਰਨ ਉਪਰਾਲਾ ਹੈ।

ਇਸ ਮੌਕੇ ਸਹਾਇਕ ਕਮਿਸ਼ਨਰ (ਜਨਰਲ) ਸ੍ਰੀ ਗਗਨਦੀਪ ਸਿੰਘ, ਉਪ ਮੰਡਲ ਮੈਜਿਸਟਰੇਟ ਮੌੜ ਸ੍ਰੀ ਸੁਖਰਾਜ ਸਿੰਘ, ਜ਼ਿਲਾ ਸਮਾਜਿਕ ਸੁਰੱਖਿਆ ਅਫਸਰ ਮੈਡਮ ਅਰਸ਼ਦੀਪ ਕੌਰ, ਜਿਲਾ ਪ੍ਰੋਗਰਾਮ ਅਫਸਰ ਸ੍ਰੀ ਪੰਕਜ ਕੁਮਾਰ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਆਦਿ ਹਾਜ਼ਰ ਸਨ।

## *ਸੂਬਾ ਸਰਕਾਰ ਵੱਲੋਂ ਸ਼ਰਧਾਲੂਆਂ ਨੂੰ ਧਾਰਮਿਕ ਸਥਾਨਾਂ ਦੇ ਕਰਵਾਏ ਜਾ ਰਹੇ ਹਨ ਦਰਸ਼ਨ : ਜਗਰੂਪ ਸਿੰਘ ਗਿੱਲ*

### *ਤੀਰਥ ਯਾਤਰਾ ਲਈ ਵੱਖ-ਵੱਖ ਸਥਾਨਾਂ ਤੋਂ ਬੱਸਾਂ ਰਵਾਨਾ*

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ

ਬਠਿੰਡਾ , 1 ਫਰਵਰੀ : ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਆਮ ਲੋਕਾਂ ਨੂੰ ਵੱਖ-ਵੱਖ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਵਾਏ ਜਾ ਰਹੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਇਕ ਬਠਿੰਡਾ (ਸਹਿਰੀ) ਸ. ਜਗਰੂਪ ਸਿੰਘ ਗਿੱਲ ਨੇ ਪਵਿੱਤਰ ਸ਼ਹਿਰ ਅੰਮ੍ਰਿਤਸਰ ਦੇ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਪਰਸ ਰਾਮ ਨਗਰ ਤੋਂ ਬੱਸ ਨੂੰ ਝੰਡੀ ਦੇ ਕੇ ਰਵਾਨਾ ਕਰਦਿਆਂ ਕੀਤਾ।




ਇਸ ਦੌਰਾਨ ਸ. ਜਗਰੂਪ ਸਿੰਘ ਗਿੱਲ ਨੇ ਕਿਹਾ ਕਿ ਸੂਬਾ ਸਰਕਾਰ ਵਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਪਵਿੱਤਰ ਸਥਾਨਾਂ ਦੀ ਯਾਤਰਾ ਦੇ ਚਾਹਵਾਨ ਸ਼ਰਧਾਲੂਆਂ ਲਈ ਵਰਦਾਨ ਸਾਬਤ ਹੋ ਰਹੀ ਹੈ। ਇਸ ਯੋਜਨਾ ਤਹਿਤ ਜਿੱਥੇ ਆਮ ਲੋਕਾਂ ਨੂੰ ਮਹਾਨ ਗੁਰੂ ਸਾਹਿਬਾਨਾਂ ਦੀਆਂ ਸਿੱਖਿਆਵਾਂ ਬਾਰੇ ਜਾਣਕਾਰੀ ਮੁਹੱਈਆ ਹੋ ਰਹੀ ਹੈ, ਉੱਥੇ ਹੀ ਲੋਕਾਂ ਨੂੰ ਆਪਸੀ ਭਾਈਚਾਰੇ, ਏਕਤਾ ਅਤੇ ਸ਼ਾਂਤੀ ਦਾ ਸੰਦੇਸ਼ ਵੀ ਮਿਲ ਰਿਹਾ ਹੈ।

ਵਿਧਾਨ ਸਭਾ ਹਲਕਾ ਬਠਿੰਡਾ (ਸ਼ਹਿਰੀ) ਤੋਂ ਇਲਾਵਾ ਹਲਕਾ ਮੌੜ ਦੇ ਪਿੰਡ ਜੈਦ ਤੋਂ ਚੇਅਰਮੈਨ ਮਾਰਕਿਟ ਕਮੇਟੀ ਬਲਜਿੰਦਰ ਸਿੰਘ ਨੇ ਸ਼ਰਧਾਲੂਆਂ ਨੂੰ ਲੈ ਕੇ ਜਾਣ ਵਾਲੀ ਬੱਸ ਨੂੰ ਰਵਾਨਾ ਕੀਤਾ।

ਇਸੇ ਤਰ੍ਹਾਂ ਅੱਜ ਹਲਕਾ ਬਠਿੰਡਾ (ਦਿਹਾਤੀ) ਦੇ ਪਿੰਡ ਦਿਉਣ, ਹਲਕਾ ਤਲਵੰਡੀ ਸਾਬੋ ਦੇ ਪਿੰਡ ਬੰਗੀ ਦੀਪਾ ਸਿੰਘ, ਹਲਕਾ ਭੁੱਚੋ ਮੰਡੀ ਦੇ ਪਿੰਡ ਮਹਿਮਾ ਸਵਾਈ ਅਤੇ ਹਲਕਾ ਰਾਮਪੁਰਾ ਫੂਲ ਦੇ ਪਿੰਡ ਕੋਠੇ ਸੁਰਜੀਤ ਸਿੰਘ ਤੋਂ ਵੀ ਸ਼ਰਧਾਲੂਆਂ ਨੂੰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਵਾਉਣ ਲਈ ਬੱਸਾਂ ਨੂੰ ਰਵਾਨਾ ਕੀਤਾ ਗਿਆ।